
ਲੂੰਬੜੀ ਅਤੇ ਸਾਰਸ

ਇੱਕ ਲੂੰਬੜੀ ਸਾਰਸ ਦੀ ਬੇਢੰਗੀ ਦਿੱਖ ਤੇ ਹੱਸਦੀ ਰਹਿੰਦੀ ਸੀ । ਇਕ ਦਿਨ ਆਪਣੇ ਆਪ ਨੂੰ ਖੁਸ਼ ਕਰਨ ਲਈ ਉਸਨੇ ਇੱਕ ਸਕੀਮ ਸੋਚੀ ।



ਇਕ ਦਿਨ ਉਹ ਆਪਣੇ ਮਨ ਵਿੱਚ ਹੀ ਆਪਣੀ ਚਲਾਕੀ ਬਾਰੇ ਸੋਚ ਕੇ ਖੁਸ਼ ਹੋਕੇ ਮੁਸਕਰਾਉਂਦੀ ਹੋਈ ਨੇ ਸਾਰਸ ਨੂੰ ਕਿਹਾ , " ਕੀ ਤੂੰ ਅੱਜ ਸ਼ਾਮ ਨੂੰ ਮੇਰੇ ਘਰ ਆਵੇਗਾ ? ਆਪਾਂ ਸ਼ਾਮ ਦਾ ਖਾਣਾ ਇਕੱਠੇ ਬੈਠ ਕੇ ਖਾਵਾਂਗੇ ਤੇ ਆਨੰਦ ਮਾਣਾਂਗੇ ।" ਸਾਰਸ ਖੁਸ਼ੀ ਖੁਸ਼ੀ ਇਸ ਨਿਉਤੇ ਨੂੰ ਮੰਨ ਗਿਆ ਤੇ ਸ਼ਾਮ ਨੂੰ ਜਦੋਂ ਉਸ ਨੂੰ ਬਹੁਤ ਭੁੱਖ ਲੱਗੀ ਹੋਈ ਸੀ, ਲੂੰਬੜੀ ਦੇ ਘਰ ਗਿਆ ।



ਲੂੰਬੜੀ ਨੇ ਖਾਣੇ ਵਿੱਚ ਸੂਪ ਪੇਸ਼ ਕੀਤਾ। ਪਰ ਇਹ ਸੂਪ ਬਹੁਤ ਘੱਟ ਡੂੰਘੀ ਪਲੇਟ ਵਿੱਚ ਪਾਇਆ ਹੋਇਆ ਸੀ। ਜਦੋਂ ਸਾਰਸ ਇਹ ਪੀਣ ਲੱਗਿਆ ਤਾਂ ਮਸਾਂ ਉਸ ਦੀ ਚੁੰਝ ਹੀ ਗਿੱਲੀ ਹੋਈ। ਉਹ ਇੱਕ ਬੂੰਦ ਵੀ ਸੂਪ ਦੀ ਨਾ ਪੀ ਸਕਿਆ। ਫਿਰ ਲੂੰਬੜੀ ਉਸੇ ਸੂਪ ਨੂੰ ਗਟਾਗਟ ਪੀ ਗਈ। ਉਹ ਸਾਰਸ ਨੂੰ ਹੋਰ ਵੀ ਖਿਝਾਉਣ ਲਈ ਖੁਸ਼ੀ ਵਿੱਚ ਆ ਕੇ ਨੱਚਣ ਟੱਪਣ ਲੱਗੀ।



ਭੁੱਖਾ ਸਾਰਸ ਉਸ ਦੀ ਇਸ ਚਲਾਕੀ ਤੇ ਬਹੁਤ ਦੁਖੀ ਹੋਇਆ । ਪਰ ਸਾਰਸ ਸ਼ਾਂਤ ਸੁਭਾਅ ਦਾ ਪੰਛੀ ਸੀ ਤੇ ਉਸਨੇ ਸੋਚਿਆ ਕਿ ਹੁਣ ਗੁੱਸੇ ਹੋਣ ਦਾ ਕੋਈ ਫਾਇਦਾ ਨਹੀਂ ਹੋਵੇਗਾ । ਸੋ ਉਹ ਚੁੱਪ ਹੀ ਰਿਹਾ ।
ਸਗੋਂ ਥੋੜ੍ਹੇ ਦਿਨਾਂ ਬਾਅਦ ਹੀ ਸਾਰਸ ਨੇ ਲੂੰਬੜੀ ਨੂੰ ਸਬਕ ਸਿਖਾਉਣ ਲਈ ਆਪਣੇ ਘਰ ਖਾਣੇ ਲਈ ਬੁਲਾਇਆ ।ਲੂੰਬੜੀ ਨਿਸ਼ਚਿਤ ਸਮੇਂ ਤੇ ਸਾਰਸ ਦੇ ਘਰ ਪਹੁੰਚ ਗਈ ।





ਸਾਰਸ ਨੇ ਖਾਣੇ ਲਈ ਮੱਛੀ ਬਣਾਈ ਹੋਈ ਸੀ ਜਿਸ ਵਿਚੋ ਬਹੁਤ ਵਧੀਆ ਸੁਗੰਧ ਆ ਰਹੀ ਸੀ । ਪਰ ਉਸ ਨੇ ਇਸ ਨੂੰ ਇਕ ਲੰਬੀ ਸੁਰਾਹੀ ਵਿੱਚ ਪਾਇਆ ਹੋਇਆ ਸੀ ਜਿਸ ਦੀ ਗਰਦਨ ਬਹੁਤ ਭੀੜੀ ਸੀ । ਸਾਰਸ ਇਸ ਵਿਚੋਂ ਆਪਣੀ ਲੰਬੀ ਚੁੰਝ ਕਾਰਨ ਆਸਾਨੀ ਨਾਲ ਭੋਜਨ ਖਾ ਸਕਦਾ ਸੀ । ਪਰ ਲੂੰਬੜੀ ਦਾ ਮੂੰਹ ਉਸ ਸੁਰਾਹੀ ਵਿੱਚ ਨਹੀਂ ਸੀ ਜਾਂਦਾ ।



ਉਹ ਸਿਰਫ਼ ਸੁਰਾਹੀ ਦੀ ਗਰਦਨ ਦੁਆਲੇ ਲੱਗਿਆ ਭੋਜਨ ਹੀ ਚੱਟ ਸਕਦੀ ਸੀ ਤੇ ਸੁਆਦੀ ਭੋਜਨ ਦੀ ਸਿਰਫ ਸੁਗੰਧ ਹੀ ਸੁੰਘ ਸਕਦੀ ਸੀ । ਜਦੋਂ ਲੂੰਬੜੀ ਸਾਰਸ ਨਾਲ ਇਸ ਗੱਲ ਤੇ ਗੁੱਸੇ ਹੋਣ ਲੱਗੀ ਤਾਂ ਸਾਰਸ ਨੇ ਸ਼ਾਂਤੀ ਨਾਲ ਕਿਹਾ, “ ਆਪਣੇ ਗਵਾਂਢੀਆਂ ਨਾਲ ਬੁਰੀ ਤਰ੍ਹਾਂ ਪੇਸ਼ ਨਾ ਆਓ ਨਹੀਂ ਤਾ ਤੁਹਾਡੇ ਨਾਲ ਵੀ ਉਹ ਜਿਹਾ ਹੀ ਵਿਵਹਾਰ ਹੋਵੇਗਾ ।”